**STI/HIV PREVENTION AND CONTROL**
STI/HIV CLINIC

BC Centre for Disease Control
*An Agency of the Provincial Health Services Authority*

# Spectinomycin Treatment
# Spectinomycin (ਸਪੈੱਕਟਿਨੋਮਾਇਸਿਨ) ਰਾਹੀਂ ਕੀਤਾ ਜਾਣ ਵਾਲਾ ਇਲਾਜ

Spectinomycin ਪੱਠੇ ਵਿੱਚ ਟੀਕਾ ਲਗਾ ਕੇ ਦਿੱਤਾ ਜਾਣ ਵਾਲਾ ਇੱਕ ਐਂਟੀਬਾਇਓਟਿਕ (ਰੋਗਾਣੂਨਾਸ਼ਕ ਦਵਾਈ) ਹੈ ਜਿਹੜਾ ਸੰਭੋਗ ਕਾਰਣ ਹੋਈਆਂ ਇਨਫ਼ੈਕਸ਼ਨਾਂ ਦੇ ਇਲਾਜ ਲਈ ਵਰਤਿਆ ਜਾਂਦਾ ਹੈ।

**Allergies**
**ਐਲਰਜੀਆਂ**

- ਜੇ ਤੁਹਾਨੂੰ Spectinomycin (ਸਪੈੱਕਟਿਨਮਾਇਸਿਨ), aminocyclitol (ਅਮਾਇਨੋਸਿਕਲੀਟੌਲ), sulfites (ਸਲਫ਼ਾਈਟਸ) ਜਾਂ benzyl alcohol (ਬੈਨਜ਼ੌਲ ਐਲਕੋਹੋਲ) ਤੋਂ ਐਲਰਜੀ ਹੈ ਤਾਂ ਤੁਹਾਨੂੰ ਸਿਹਤ ਸੰਬੰਧੀ ਦੇਖਭਾਲ ਪ੍ਰਦਾਨ ਕਰ ਰਹੇ ਕਰਮਚਾਰੀ ਨੂੰ ਇਸ ਬਾਰੇ ਦੱਸੋ।

**Pregnancy/Breastfeeding**
**ਗਰਭ ਅਵਸਥਾ/ਬੱਚੇ ਨੂੰ ਆਪਣਾ ਦੁੱਧ ਪਿਲਾਉਣਾ**

- ਗਰਭ ਦੌਰਾਨ ਜਾਂ ਬੱਚੇ ਨੂੰ ਆਪਣਾ ਦੁੱਧ ਪਿਲਾਉਂਦੇ ਹੋਏ **Spectinomycin** ਦੀ ਵਰਤੋਂ ਸਾਵਧਾਨੀ ਨਾਲ ਕੀਤੀ ਜਾ ਸਕਦੀ ਹੈ। ਕਿਰਪਾ ਕਰਕੇ ਆਪਣੇ ਡਾਕਟਰ ਦੀ ਸਲਾਹ ਲਓ ਜੀ।

**CAUTION**
**ਸਾਵਧਾਨ**

- **ਤੁਸੀਂ Spectinomycin ਨਾਲ ਹੇਠ ਲਿਖੀਆਂ ਦਵਾਈਆਂ ਨਹੀਂ ਲੈ ਸਕਦੇ:**
  - **ਟਾਈਫ਼ਾਈਡ (ਮਿਆਦੀ ਬੁਖ਼ਾਰ) ਦੀ ਮੂੰਹ ਰਾਹੀਂ ਖਾਧੀ ਜਾਣ ਵਾਲੀ ਵੈਕਸੀਨ** (Vivotif®)
- **ਮਿਹਰਬਾਨੀ ਕਰਕੇ ਨੋਟ ਕਰੋ ਕਿ ਇੰਟ੍ਰਾਵੈਨਸ (ਅੰਤਰ-ਨਸੀ) ਦਵਾਈਆਂ ਇਸ ਦਸਤਾਵੇਜ਼ ਵਿਚ ਸ਼ਾਮਲ ਨਹੀਂ ਕੀਤੀਆਂ ਗਈਆਂ। ਜੇ ਤੁਸੀਂ ਇੰਟ੍ਰਾਵੈਨਸ ਰਾਹੀਂ ਕੋਈ ਦਵਾਈਆਂ ਲੈ ਰਹੇ ਹੋ, ਤਾਂ ਮਿਹਰਬਾਨੀ ਕਰਕੇ ਆਪਣੇ ਸਿਹਤ ਪ੍ਰੈਕਟੀਸ਼ਨਰ (ਪੇਸ਼ਾਵਰ) ਨੂੰ ਦੱਸ ਦੇਵੋ।**

**Side Effects**
**ਮਾੜੇ ਪ੍ਰਭਾਵ**

- ਤੁਹਾਨੂੰ ਟੀਕਾ ਲੱਗਣ ਵਾਲੀ ਥਾਂ 'ਤੇ ਬੇਅਰਾਮੀ ਹੋ ਸਕਦੀ ਹੈ। ਤੁਹਾਡੀ ਚਮੜੀ 'ਤੇ ਧੱਫ਼ੜ ਹੋ ਸਕਦੇ ਹਨ ਅਤੇ ਤੁਹਾਨੂੰ ਚੱਕਰ ਆ ਸਕਦੇ ਹਨ, ਜੀਅ ਕੱਚਾ ਹੋ ਸਕਦਾ ਹੈ, ਠੰਢ ਲੱਗ ਸਕਦੀ ਹੈ, ਬੁਖ਼ਾਰ ਜਾਂ ਸਿਰ ਦਰਦ ਹੋ ਸਕਦਾ ਹੈ।

**Care of Yourself Following Treatment**
**ਟ੍ਰੀਟਮੈਂਟ ਤੋਂ ਬਾਅਦ ਆਪਣਾ ਖ਼ਿਆਲ ਰੱਖਣਾ**

- ਟ੍ਰੀਟਮੈਂਟ ਤੋਂ ਬਾਅਦ 15 ਮਿੰਟ ਕਲੀਨਿਕ ਵਿੱਚ ਹੀ ਇੰਤਜ਼ਾਰ ਕਰੋ।
- ਟ੍ਰੀਟਮੈਂਟ ਤੋਂ ਬਾਅਦ ਜੇ ਤੁਹਾਨੂੰ ਕਈ ਵੀ ਪ੍ਰਤੀਕਰਮ ਹੁੰਦਾ ਹੈ (ਉਦਾਹਰਣ ਵਜੋਂ: ਧੱਫ਼ੜ, ਖਾਰਸ਼, ਸਾਹ ਲੈਣ ਵਿੱਚ ਮੁਸ਼ਕਲ) ਤਾਂ ਕਿਰਪਾ ਕਰਕੇ ਸਟਾਫ਼ ਦੇ ਕਿਸੇ ਮੈਂਬਰ ਨੂੰ ਤੁਰੰਤ ਦੱਸੋ।
- ਜੇ ਇਹ ਲੱਛਣ ਕਲੀਨਿਕ ਤੋਂ ਜਾਣ ਤੋਂ ਬਾਅਦ ਸਾਮ੍ਹਣੇ ਆਉਣ ਤਾਂ ਕਿਰਪਾ ਕਰਕੇ ਤੁਰੰਤ ਐਮਰਜੰਸੀ ਮੈਡੀਕਲ ਸਹਾਇਤਾ ਲਓ।

**Storage Instructions**
**ਰੱਖਣ ਸੰਬੰਧੀ ਹਿਦਾਇਤਾਂ**

- 15-30°C ਵਿਚਕਾਰ ਕਮਰੇ ਦੇ ਤਾਪਮਾਨ 'ਤੇ ਰੱਖੋ।
- ਰੋਸ਼ਨੀ, ਗਰਮੀ ਅਤੇ ਨਮੀ ਤੋਂ ਸੁਰੱਖਿਅਤ ਰੱਖੋ।
- ਮਿਆਦ ਖ਼ਤਮ ਹੋਣ ਦੀ ਪ੍ਰਿੰਟ ਕੀਤੀ ਹੋਈ ਤਾਰੀਖ਼ ਤੋਂ ਬਾਅਦ ਦਵਾਈਆਂ ਦੀ ਵਰਤੋਂ ਨਾ ਕਰੋ।
- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।

**Special Instructions**
**ਵਿਸ਼ੇਸ਼ ਹਿਦਾਇਤਾਂ**

- ਉਦੋਂ ਤਕ ਸੰਭੋਗ ਨਾ ਕਰੋ ਜਦੋਂ ਤਕ:
  - ਤੁਹਾਡਾ 1-ਦਿਨਾ ਟ੍ਰੀਟਮੈਂਟ ਹੋਏ ਨੂੰ ਇੱਕ ਹਫ਼ਤਾ ਪੂਰਾ ਨਹੀਂ ਹੋ ਜਾਂਦਾ; ਜਾਂ
  - ਤੁਹਾਡਾ 7-ਦਿਨ ਚੱਲਣ ਵਾਲਾ ਟ੍ਰੀਟਮੈਂਟ ਖ਼ਤਮ ਨਹੀਂ ਹੋ ਜਾਂਦਾ, ਅਤੇ
  - ਤੁਹਾਡੇ ਸੰਭੋਗ ਸਾਥੀ(ਆਂ) ਦਾ ਇਲਾਜ ਵੀ ਨਹੀਂ ਹੋ ਜਾਂਦਾ, ਭਾਵੇਂ ਉਨ੍ਹਾਂ ਦੇ ਟੈਸਟ ਦੇ ਨਤੀਜੇ ਨਾਂਹਪੱਖੀ ਹੀ ਹੋਣ।
- ਤੁਹਾਨੂੰ ਸਿਹਤ ਸੰਭਾਲ ਸੇਵਾ ਪ੍ਰਦਾਨ ਕਰ ਰਹੇ ਕਰਮਚਾਰੀ ਨੂੰ ਸੂਚਿਤ ਕਰੋ ਜੇ:
  - ਤੁਸੀਂ ਕਿਸੇ ਅਜਿਹੇ ਸਾਥੀ ਨਾਲ ਸੰਭੋਗ ਕੀਤਾ ਹੈ ਜਿਸ ਦਾ ਟ੍ਰੀਟਮੈਂਟ ਨਹੀਂ ਹੋਇਆ ਸੀ ਜਾਂ
  - ਤੁਸੀਂ ਆਪਣਾ ਜਾਂ ਆਪਣੇ ਸਾਥੀ(ਆਂ) ਦਾ ਇਲਾਜ ਪੂਰਾ ਹੋਣ ਤੋਂ ਪਹਿਲਾਂ ਸੰਭੋਗ ਕੀਤਾ ਹੈ।
- ਜੇ ਤੁਸੀਂ ਹਾਰਮੋਨਲ ਕਿਸਮ ਦਾ ਗਰਭ ਨਿਰੋਧਕ (ਮੂੰਹ ਰਾਹੀਂ ਖਾਧੀਆਂ ਜਾਣ ਵਾਲੀਆਂ ਦਵਾਈਆਂ, ਰਿੰਗ ਜਾਂ ਪੈਚ) ਵਰਤ ਰਹੇ ਹੋ ਤਾਂ ਆਪਣਾ ਮੌਜੂਦਾ ਮਾਹਵਾਰੀ ਚੱਕਰ ਪੂਰਾ ਹੋਣ ਤਕ ਗਰਭ ਨਿਰੋਧਨ ਦਾ ਇੱਕ ਹੋਰ ਗ਼ੈਰ-ਹਾਰਮੋਨਲ ਤਰੀਕਾ (ਜਿਵੇਂ ਕਿ ਕੰਡੋਮ/ਡਾਇਆਫ੍ਰੈਗਮ) ਵਰਤੋ।

ਜੇ ਤੁਹਾਡੇ ਕੋਈ ਹੋਰ ਸਵਾਲ ਹਨ ਜਾਂ ਜੇ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ ਆਪਣੇ ਡਾਕਟਰ ਜਾਂ ਸਥਾਨਕ ਹੈਲਥ ਯੂਨਿਟ ਨਾਲ ਸੰਪਰਕ ਕਰੋ ਜਾਂ ਹੇਠ ਲਿਖੀ ਸੰਪਰਕ ਜਾਣਕਾਰੀ ਦੇਖੋ।



BC Centre for Disease Control
STI/HIV Prevention and Control
655 West 12th Avenue
Vancouver, British Columbia
Canada V5Z 4R4

Tel 604 707-5600
Fax 604 707-5604
www.bccdc.ca
www.STDResource.com

*A research and teaching centre affiliated with UBC*